☬ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ** ☬

ਦੇਗ ਤੇਗ ਫ਼ਤਹ ਸ੍ਰੀ ਅੰਮ੍ਰਿਤਸਰ ਸਾਹਿਬ ਦੇਗ ਤੇਗ ਫ਼ਤਹ

# ਲੋੜ ਹੈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਸਮੂਹ ਵਿਦਿਅਕ ਸੰਸਥਾਵਾਂ ਲਈ ਸਹਾਇਕ ਡਾਇਰੈਕਟਰ ਕਾਲਜ, ਸਕੂਲ ਅਤੇ ਧਰਮ, ਸਪੋਰਟਸ ਸਭਿਆਚਾਰ ਦੀਆਂ ਹੇਠ ਲਿਖੀਆਂ ਅਸਾਮੀਆਂ ਲਈ ਬਿਨੈ-ਪੱਤਰ ਮੰਗੇ ਜਾਂਦੇ ਹਨ। ਬਿਨੈਕਾਰ ਆਪਣੀਆਂ ਦਰਖਾਸਤਾਂ ਵਿਸਥਾਰਤ ਵੇਰਵੇ ਸਹਿਤ ਇਸ਼ਤਿਹਾਰ ਪ੍ਰਕਾਸ਼ਨ ਤੋਂ 10 ਦਿਨਾਂ ਦੇ ਅੰਦਰ-ਅੰਦਰ ਰਜਿਸਟਰਡ ਪੱਤਰ ਰਾਹੀਂ ਨਿਮਨ-ਹਸਤਾਖਰੀ ਨੂੰ ਭੇਜਣ। ਅਸਾਮੀ ਸਬੰਧੀ ਵਧੇਰੇ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬਸਾਈਟ www.sgpc.net 'ਤੇ ਉਪਲੱਬਧ ਹੈ। ਸਿੱਖ ਉਮੀਦਵਾਰ ਪਤਿਤ ਨਹੀਂ ਹੋਣਾ ਚਾਹੀਦਾ। ਨਿਮਨ-ਹਸਤਾਖਰੀ ਪਾਸ ਇੰਟਰਵਿਊ ਰੱਦ/ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੈ।

(ਨੋਟ: ਬਿਨੈਕਾਰ ਕੇਵਲ ਇੱਕ ਅਸਾਮੀ ਪੁਰ ਹੀ ਅਪਲਾਈ ਕਰ ਸਕਦਾ ਹੈ)

1. ਸਹਾਇਕ ਡਾਇਰੈਕਟਰ ਕਾਲਜਾਂ ਇੱਕ
2. ਸਹਾਇਕ ਡਾਇਰੈਕਟਰ ਸਕੂਲਾਂ ਅਤੇ ਧਰਮ ਇੱਕ
3. ਸਹਾਇਕ ਡਾਇਰੈਕਟਰ ਸਪੋਰਟਸ ਅਤੇ ਸਭਿਆਚਾਰ ਇੱਕ

ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਿਦਿਅਕ ਅਦਾਰਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਾਇਕ ਡਾਇਰੈਕਟਰ ਸਿੱਖਿਆ (ਕਾਲਜ), ਸਹਾਇਕ ਡਾਇਰੈਕਟਰ ਸਕੂਲ/ਧਰਮ ਅਤੇ ਸਹਾਇਕ ਡਾਇਰੈਕਟਰ ਖੇਡਾਂ/ਸੱਭਿਆਚਾਰ ਦੀਆਂ ਨਿਯੁਕਤੀਆਂ ਸਬੰਧੀ ਨਿਯਮ ਅਤੇ ਸ਼ਰਤਾਂ ਹੇਠ ਲਿਖੇ ਵੇਰਵੇ ਅਨੁਸਾਰ ਹੋਣਗੀਆਂ:-**

## 4.2. ਸਹਾਇਕ ਡਾਇਰੈਕਟਰ ਸਿੱਖਿਆ (ਕਾਲਜ)

ਸਹਾਇਕ ਡਾਇਰੈਕਟਰ ਸਿੱਖਿਆ (ਕਾਲਜਾਂ) 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਨਿਯਮ ਲਾਗੂ ਹੋਣਗੇ।

ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਿਚ ਸਹਾਇਕ ਡਾਇਰੈਕਟਰ (ਕਾਲਜਾਂ), ਡਾਇਰੈਕਟਰ ਸਿੱਖਿਆ/ਪ੍ਰਤੀ ਸਿੱਧੇ ਤੌਰ 'ਤੇ ਜਵਾਬਦੇਹ ਹੋਣਗੇ।

### 4.2.1 ਯੋਗਤਾਵਾਂ:

ਸਹਾਇਕ ਡਾਇਰੈਕਟਰ ਸਿੱਖਿਆ (ਕਾਲਜਾਂ) ਨਿਯੁਕਤ ਕਰਨ ਲਈ ਨਿਮਨ ਲਿਖਤ ਅਨੁਸਾਰ ਯੋਗਤਾਵਾਂ ਨਿਰਧਾਰਿਤ ਹੋਣਗੀਆਂ:-

ੳ. ਸਹਾਇਕ ਡਾਇਰੈਕਟਰ ਸਿੱਖਿਆ (ਕਾਲਜਾਂ) ਲਈ ਯੋਗਤਾ ਘੱਟੋ-ਘੱਟ 10 ਸਾਲ ਦਾ ਕਿਸੇ ਵੀ ਉਚੇਰੀ ਵਿਦਿਅਕ ਸੰਸਥਾ ਵਿਚ ਰੈਗੂਲਰ ਪੱਧਰ 'ਤੇ ਪੜ੍ਹਾਉਣ/ਪ੍ਰਸ਼ਾਸਕੀ ਕੰਮ ਦਾ ਦੋਸ਼ਮੁਕਤ ਤਜਰਬਾ ਹੋਣਾ ਲਾਜ਼ਮੀ ਹੋਵੇਗਾ।

ਅ. ਸਹਾਇਕ ਡਾਇਰੈਕਟਰ ਸਿੱਖਿਆ (ਕਾਲਜਾਂ) ਦਾ ਅਕਾਦਮਿਕ ਰਿਕਾਰਡ ਉੱਚ-ਪੱਧਰੀ ਪ੍ਰਾਪਤੀਆਂ ਵਾਲਾ ਹੋਣਾ ਚਾਹੀਦਾ ਹੈ। ਸਬੰਧਿਤ ਦੀ ਪਬਲੀਕੇਸ਼ਨ ਅਤੇ ਸਹਿ ਵਿੱਦਿਅਕ ਪ੍ਰਾਪਤੀਆਂ ਨੂੰ ਵੀ ਚੋਣ ਸਮੇਂ ਵਿਚਾਰਿਆ ਜਾ ਸਕਦਾ ਹੈ।

ੲ. ਆਸ ਰੱਖੀ ਜਾਂਦੀ ਹੈ ਕਿ ਸਹਾਇਕ ਡਾਇਰੈਕਟਰ (ਕਾਲਜਾਂ) ਦੀ ਅਸਾਮੀ ਦੀ ਨਿਯੁਕਤੀ ਲਈ ਉਹ ਸਿੱਖ ਵਿਦਿਅਕ ਮਾਹਿਰ ਹੀ ਯੋਗ ਸਮਝਿਆ ਜਾਵੇਗਾ ਜੋ ਸਿੱਖੀ ਸਿਧਾਂਤਾਂ, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਅਸੂਲਾਂ ਵਿੱਚ ਵਿਸ਼ਵਾਸ ਰੱਖਣ ਵਾਲਾ ਹੋਵੇ।

ਸ. ਸਹਾਇਕ ਡਾਇਰੈਕਟਰ (ਕਾਲਜਾਂ) ਦੀ ਸੇਵਾ ਕਾਲ ਉਮਰ ਵੱਧ ਤੋਂ ਵੱਧ 60 ਸਾਲ ਹੋਵੇਗੀ।

### 4.2.2. ਚੋਣ:

ੳ. ਇਸ ਅਸਾਮੀ ਲਈ ਚੋਣ ਡਾਇਰੈਕਟਰ ਸਿੱਖਿਆ ਦੀ ਸਿਫਾਰਿਸ਼ 'ਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਜਾਵੇਗੀ।

ਅ. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ ਵਿਚੋਂ ਕਿਸੇ ਅਸਿਸਟੈਂਟ ਪ੍ਰੋਫੈਸਰ ਨੂੰ ਡੈਪੂਟੇਸ਼ਨ 'ਤੇ ਸਹਾਇਕ ਡਾਇਰੈਕਟਰ (ਕਾਲਜਾਂ) ਦਾ ਚਾਰਜ ਦਿੱਤਾ ਜਾ ਸਕਦਾ ਹੈ।

### 4.2.3. ਤਨਖ਼ਾਹ, ਭੱਤੇ ਅਤੇ ਹੋਰ ਸਹੂਲਤਾਂ ਆਦਿ:

ੳ. ਸਹਾਇਕ ਡਾਇਰੈਕਟਰ ਸਿੱਖਿਆ (ਕਾਲਜਾਂ) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯਤ ਕੀਤੇ ਗ੍ਰੇਡ, ਭੱਤੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣਗੀਆਂ।

### 4.3. ਸਹਾਇਕ ਡਾਇਰੈਕਟਰ ਸਕੂਲ ਅਤੇ ਧਰਮ।

ੳ. ਸਹਾਇਕ ਡਾਇਰੈਕਟਰ ਸਿੱਖਿਆ (ਸਕੂਲ) 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਨਿਯਮ ਲਾਗੂ ਹੋਣਗੇ।

ਅ. ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਿਚ ਸਹਾਇਕ ਡਾਇਰੈਕਟਰ ਸਕੂਲ ਸਕੱਤਰ ਵਿਦਿਆ, ਡਾਇਰੈਕਟਰ ਸਿੱਖਿਆ ਪ੍ਰਤੀ ਸਿੱਧੇ ਤੌਰ 'ਤੇ ਜਵਾਬਦੇਹ ਹੋਣਗੇ।

#### 4.3.1 ਯੋਗਤਾਵਾਂ:

ਸਹਾਇਕ ਡਾਇਰੈਕਟਰ ਸਿੱਖਿਆ (ਸਕੂਲ) ਨਿਯੁਕਤ ਕਰਨ ਲਈ ਨਿਮਨ ਲਿਖਤ ਅਨੁਸਾਰ ਯੋਗਤਾਵਾਂ ਨਿਰਧਾਰਿਤ ਹੋਣਗੀਆਂ:-

ੳ. ਸਹਾਇਕ ਡਾਇਰੈਕਟਰ ਸਿੱਖਿਆ (ਸਕੂਲ) ਲਈ ਘੱਟੋ-ਘੱਟ ਵਿਦਿਅਕ ਯੋਗਤਾ ਘੱਟੋ-ਘੱਟ 10 ਸਾਲ ਦਾ ਕਿਸੇ ਸਕੂਲ ਵਿਚ ਰੈਗੂਲਰ ਪੱਧਰ 'ਤੇ ਪੜ੍ਹਾਉਣ/ਪ੍ਰਸ਼ਾਸਕੀ ਕੰਮ ਦਾ ਦੋਸ਼ ਮੁਕਤ ਤਜਰਬਾ ਹੋਣਾ ਲਾਜ਼ਮੀ ਹੋਵੇਗਾ।

ਅ. ਸਹਾਇਕ ਡਾਇਰੈਕਟਰ (ਸਕੂਲ) ਦੀ ਅਸਾਮੀ ਦੀ ਨਿਯੁਕਤੀ ਲਈ ਕੇਵਲ ਅਤੇ ਕੇਵਲ ਸਿੱਖ ਵਿਦਿਅਕ ਮਾਹਿਰ ਹੀ ਯੋਗ ਹੋਵੇਗਾ। ਸਿੱਖੀ ਸਿਧਾਂਤਾਂ, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਅਸੂਲਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਨੂੰ ਹੀ ਇਸ ਅਸਾਮੀ ਦੇ ਯੋਗ ਸਮਝਿਆ ਜਾਵੇਗਾ। ਸਬੰਧਿਤ ਦਾ ਪਬਲੀਕੇਸ਼ਨ ਅਤੇ ਸਹਿ ਵਿੱਦਿਅਕ ਪ੍ਰਾਪਤੀਆਂ ਨੂੰ ਵੀ ਚੋਣ ਸਮੇਂ ਵਿਚਾਰਿਆ ਜਾ ਸਕਦਾ ਹੈ।

ੲ. ਸਹਾਇਕ ਡਾਇਰੈਕਟਰ (ਸਕੂਲ) ਦੀ ਸੇਵਾ ਕਾਲ ਉਮਰ ਵੱਧ ਤੋਂ ਵੱਧ 60 ਸਾਲ ਹੋਵੇਗੀ।

#### 4.3.2. ਚੋਣ:

ੳ. ਇਸ ਅਸਾਮੀ ਲਈ ਚੋਣ ਡਾਇਰੈਕਟਰ ਸਿੱਖਿਆ ਦੀ ਸਿਫਾਰਿਸ਼ 'ਤੇ ਸਕੱਤਰ ਵਿਦਿਆ ਰਾਹੀਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਜਾਵੇਗੀ।

#### 4.3.3. ਤਨਖ਼ਾਹ, ਭੱਤੇ ਅਤੇ ਹੋਰ ਸਹੂਲਤਾਂ ਆਦਿ:

ਸਹਾਇਕ ਡਾਇਰੈਕਟਰ ਸਿੱਖਿਆ (ਸਕੂਲਾਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯਤ ਕੀਤੇ ਗ੍ਰੇਡ, ਭੱਤੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣਗੀਆਂ।

## 4.4 ਸਹਾਇਕ ਡਾਇਰੈਕਟਰ ਖੇਡਾਂ ਅਤੇ ਸੱਭਿਆਚਾਰ

ੳ. ਸਹਾਇਕ ਡਾਇਰੈਕਟਰ ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਪ੍ਰੀਖਿਆ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਨਿਯਮ ਲਾਗੂ ਹੋਣਗੇ।

ਅ. ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਿਚ ਸਹਾਇਕ ਡਾਇਰੈਕਟਰ ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਪ੍ਰੀਖਿਆ ਡਾਇਰੈਕਟਰ ਸਿੱਖਿਆ ਪ੍ਰਤੀ ਜਵਾਬਦੇਹ ਹੋਣਗੇ।

### 4.4.1 ਯੋਗਤਾਵਾਂ:

ਸਹਾਇਕ ਡਾਇਰੈਕਟਰ ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਪ੍ਰੀਖਿਆ ਨਿਯੁਕਤ ਕਰਨ ਲਈ ਨਿਮਨ ਲਿਖਤ ਅਨੁਸਾਰ ਯੋਗਤਾਵਾਂ ਨਿਰਧਾਰਿਤ ਹੋਣਗੀਆਂ:-

ੳ. ਸਹਾਇਕ ਡਾਇਰੈਕਟਰ ਖੇਡਾਂ, ਸੱਭਿਆਚਾਰ ਲਈ ਘੱਟੋ-ਘੱਟ ਵਿਦਿਅਕ ਯੋਗਤਾ ਘੱਟੋ-ਘੱਟ 10 ਸਾਲ ਦਾ ਕਿਸੇ ਕਾਲਜ ਵਿਚ ਰੈਗੂਲਰ ਪੱਧਰ 'ਤੇ ਅਸਿਸਟੈਂਟ ਪ੍ਰੋਫੈਸਰ ਸਰੀਰਕ ਸਿੱਖਿਆ ਵਜੋਂ ਕੰਮ ਕਰਨ ਦਾ ਤਜਰਬਾ ਹੋਣਾ ਲਾਜ਼ਮੀ ਹੋਵੇਗਾ।

ਅ. ਆਸ ਕੀਤੀ ਜਾਂਦੀ ਹੈ ਕਿ ਸਹਾਇਕ ਡਾਇਰੈਕਟਰ ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਪ੍ਰੀਖਿਆ ਦੀ ਅਸਾਮੀ ਦੀ ਨਿਯੁਕਤੀ ਲਈ ਕੇਵਲ ਅਤੇ ਕੇਵਲ ਸਿੱਖ ਵਿਦਿਅਕ ਮਾਹਿਰ ਹੋਵੇਗਾ। ਸਿੱਖੀ ਸਿਧਾਂਤਾਂ, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਅਸੂਲਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਨੂੰ ਹੀ ਇਸ ਅਸਾਮੀ ਦੇ ਯੋਗ ਸਮਝਿਆ ਜਾਵੇਗਾ। ਸਬੰਧਿਤ ਦਾ ਪਬਲੀਕੇਸ਼ਨ ਅਤੇ ਸਹਿ ਵਿੱਦਿਅਕ ਪ੍ਰਾਪਤੀਆਂ ਨੂੰ ਵੀ ਚੋਣ ਸਮੇਂ ਵਿਚਾਰਿਆ ਜਾ ਸਕਦਾ ਹੈ।

ੲ. ਸਹਾਇਕ ਡਾਇਰੈਕਟਰ ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਪ੍ਰੀਖਿਆ ਦੀ ਸੇਵਾ ਕਾਲ ਉਮਰ ਵੱਧ ਤੋਂ ਵੱਧ 60 ਸਾਲ ਹੋਵੇਗੀ।

**ਨੋਟ:- ਉਪਰੋਕਤ ਨਿਯੁਕਤੀਆਂ ਸਬੰਧੀ ਇੰਟਰਵਿਊ ਦੀ ਮਿਤੀ ਅਤੇ ਸਥਾਨ ਦੀ ਜਾਣਕਾਰੀ ਨਿਰਧਾਰਤ ਕਰਨ ਉਪਰੰਤ ਇਸ ਵੈਬ-ਸਾਈਟ ਪੁਰ ਹੀ ਉਪਲੱਬਧ ਕਰਵਾਈ ਜਾਵੇਗੀ।**